MINISTRY OF EDUCATION, SINGAPORE
in collaboration with
UNIVERSITY OF CAMBRIDGE LOCAL EXAMINATIONS SYNDICATE
General Certificate of Education Ordinary Level

# PANJABI 3203/02

Paper 2 Language Usage and Comprehension

**October/November 2007**

**1 hour 30 minutes**

Additional Materials: Answer Sheet

*5438764701*

**READ THESE INSTRUCTIONS FIRST**

Write your Centre number, index number and name on all the work you hand in.
Write in dark blue or black pen on both sides of the paper.
Do not use staples, paper clips, highlighters, glue or correction fluid.

Answer **all** questions.

At the end of the examination, fasten all your work securely together.
The number of marks is given in brackets [ ] at the end of each question or part question.

This document consists of **9** printed pages and **3** blank pages.

Singapore Examinations and Assessment Board

UNIVERSITY of CAMBRIDGE International Examinations

© UCLES & MOE 2007

BLANK PAGE

**A1 Combination of Words** [10]

**ਸਮਾਸੀ ਸ਼ਬਦ**

*'ਸਹਿ' ਜਾਂ 'ਮੰਦ' ਨੂੰ ਹੇਠਾਂ ਦਿੱਤੇ ਪੰਜ ਮੂਲ ਸ਼ਬਦਾਂ ਨਾਲ ਜੋੜ ਕੇ ਪੰਜ ਉਚਿਤ ਸਮਾਸੀ ਸ਼ਬਦ ਬਣਾਓ :*

1 ਰਜ਼ਾ

2 ਯੋਗ

3 ਭਰੋਸੇ

4 ਕਾਰੀ

5 ਫਾਇਦੇ

**A2 Idioms, Proverbs and Words in Pairs** [10]

**ਮੁਹਾਵਰੇ, ਅਖਾਣ ਅਤੇ ਵਾਕਅੰਸ਼**

*ਹੇਠ ਦਿੱਤੇ ਵਾਕਾਂ ਵਿੱਚ ਖਾਲੀ ਥਾਂਵਾਂ ਛੱਡੀਆਂ ਗਈਆਂ ਹਨ। ਕੁਝ ਮੁਹਾਵਰੇ, ਅਖਾਣ, ਵਾਕਅੰਸ਼ ਥੱਲੇ ਦਿੱਤੇ ਗਏ ਹਨ। ਇਨ੍ਹਾਂ ਵਿੱਚੋਂ ਢੁਕਵੀਂ ਚੋਣ ਕਰਕੇ ਵਾਕਾਂ ਦੀਆਂ ਖਾਲੀ ਥਾਂਵਾਂ ਭਰਨ ਲਈ ਉਨ੍ਹਾਂ ਦੇ ਉੱਤਰ ਢੁਕਵੇਂ ਸਵਾਲ ਦੇ ਨੰਬਰ ਸਾਹਮਣੇ ਆਪਣੇ ਉੱਤਰ ਪੰਨੇ ਵਿੱਚ ਦਿਓ:*

6 ਭਾਵੇਂ ਦੁਰਘਟਨਾ ਵਿੱਚ ਕਾਰ ਦਾ ਕੁਝ ਵੀ ਨਹੀਂ ਬਚਿਆ ਪਰ ਮਨਜੀਤ ਦਾ ______________ ਹੋਇਆ।

7 ਜਦੋਂ ਸੁਮਨ ਸਾਡੇ ਘਰ ਆਉਂਦੀ ਹੈ ਤਾਂ ਸੁਰਜੀਤ ਲਈ ਤਾਂ ____________________ ਹੈ ।

8 ਪੰਜਾਬ ਦੇ ਹਿੰਦੂ ਤੇ ਸਿੱਖ ਵੱਖ ਨਹੀਂ ਕੀਤੇ ਜਾ ਸਕਦੇ ਕਿਉਂਕਿ ਇਨ੍ਹਾਂ ਦਾ ਆਪਸ ਵਿੱਚ ____________ ਦਾ ਸਬੰਧ ਹੈ।

9 ਇਹ ਗੱਲ ਸੁਣ ਕੇ ਰਾਜ ਦਾ ____________ ਆਇਆ ਕਿ ਮਾਤਾ ਜੀ ਦਾ ਅਪਰੇਸ਼ਨ ਸਫਲ ਰਿਹਾ।

10 ਜਦੋਂ ਸਾਰੇ ਵਿਦਿਆਰਥੀ ਆਪਸ ਵਿੱਚ ਲੜਦੇ ਝਗੜਦੇ ਹਨ ਤਾਂ ਅਨਿਲ ਬਿਲਕੁਲ ਦਖਲ ਨਹੀਂ ਦਿੰਦਾ, ਉਸ ਦੀ ਸੋਚਣੀ ਠੀਕ ਹੈ ਕਿ ______________________ ।

| | |
|---|---|
| (1) ਬਿੱਟ ਬਿੱਟ ਦੇਖਣਾ | (6) ਨਾਨੀ ਚੇਤੇ ਆਉਣੀ |
| (2) ਸਾਹ ਵਿੱਚ ਸਾਹ ਆਉਣਾ | (7) ਚੰਨ ਚੜ੍ਹਨਾ |
| (3) ਵਾਲ ਵਿੰਗਾ ਨਾ ਹੋਣਾ | (8) ਮੂੰਹ ਦੀ ਖਾਣੀ |
| (4) ਟੰਗ ਅੜਾਉਣਾ | (9) ਨਹੁੰ ਮਾਸ |
| (5) ਤਰਲੋ ਮੱਛੀ ਹੋਣਾ | (10) ਇੱਕ ਚੁੱਪ ਸੌ ਸੁੱਖ |

© UCLES & MOE 2007

**A3 Sentence Transformation** [10]

**ਵਾਕ ਵਟਾਂਦਰਾ**

*ਹੇਠ ਲਿਖੇ ਅਧੂਰੇ ਵਾਕਾਂ ਨੂੰ ਇਸ ਤਰ੍ਹਾਂ ਬਦਲੋ ਕਿ ਉਸ ਤੋਂ ਉੱਪਰ ਦਿੱਤੇ ਵਾਕ ਤੋਂ ਇਸ ਦਾ ਅਰਥ ਨਾ ਬਦਲੇ।*
*ਉੱਤਰ ਕੇਵਲ ਉੱਤਰ ਪੰਨੇ ਵਿੱਚ ਲਿਖੋ :*

**11** ਨਰਸ ਜ਼ਖਮੀਆਂ ਦੀ ਮਰਹਮ-ਪੱਟੀ ਕਰ ਰਹੀ ਸੀ।

ਜ਼ਖਮੀਆਂ ਦੀ ਮਰਹਮ ਪੱਟੀ ______________________________ ।

**12** ਜਦੋਂ ਅਸੀਂ ਸਕੂਲ ਪਹੁੰਚੇ ਤਾਂ ਅਧਿਆਪਕ ਹਾਜ਼ਰੀ ਲਾ ਚੁੱਕਾ ਸੀ।

ਅਧਿਆਪਕ ਦੇ ਹਾਜ਼ਰੀ ਲਾ ਚੁੱਕਣ ਤੋਂ ______________________________ ।

**13** ਅੰਦਰ ਆ ਜਾਓ ਨਹੀਂ ਤਾਂ ਤੁਸੀਂ ਮੀਂਹ ਵਿੱਚ ਭਿੱਜ ਜਾਓਗੇ।

ਮੀਂਹ ਵਿੱਚ ਭਿੱਜਣ ਤੋਂ ਬਚਣ ______________________________ ।

**14** ਇਸ ਸਾਲ ਗਰਮੀ ਦੀਆਂ ਛੁੱਟੀਆਂ ਵਿੱਚ ਮੈਂ ਕਨੇਡਾ ਜਾਣਾ ਚਾਹੁੰਦਾ ਹਾਂ।

ਮੈਂ ਚਾਹੁੰਦਾ ਹਾਂ ਕਿ ਇਸ ਸਾਲ ______________________________ ।

**15** ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਕਾਲ ਵਿੱਚ ਦਰਬਾਰ ਸਾਹਿਬ ਦੇ ਗੁੰਬਦ ਤੇ ਸੋਨੇ ਦਾ ਪੱਤਰਾ ਚੜ੍ਹਵਾ ਦਿੱਤਾ ।

ਦਰਬਾਰ ਸਾਹਿਬ ਦੇ ਗੁੰਬਦ ਤੇ ਸੋਨੇ ਦਾ ਪੱਤਰਾ ਮਹਾਰਾਜਾ ______________________________ ।

## A4 Cloze Passage [20]

**ਵਾਰਤਕ ਅੰਸ਼ (ਕਲੋਜ਼)**

*ਇਸ ਵਾਰਤਕ ਅੰਸ਼ ਵਿੱਚ ਖਾਲੀ ਥਾਂਵਾਂ ਭਰਨ ਲਈ ਉਚਿਤ ਸ਼ਬਦ/ਪਦ ਹੇਠਾਂ ਦਿੱਤੇ ਗਏ ਹਨ। ਹਰ ਖਾਲੀ ਥਾਂ ਭਰਨ ਲਈ ਉਚਿਤ ਸ਼ਬਦ/ਪਦ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ।*

ਸਿੱਕਿਆਂ ਦੀ ਖੋਜ ਹੋਣ ਤੋਂ ਪਹਿਲਾਂ ਲੋਕ ਕੌਡੀਆਂ ਜਾਂ ਧਾਤ ਦੇ ਟੁਕੜੇ ਪੈਸਿਆਂ ਵਾਂਗ ਵਰਤ ਕੇ ਵਪਾਰ ਕਰਦੇ ਸਨ। ਉਹ ਆਪਣੀਆਂ ਬਣਾਈਆਂ ਹੋਈਆਂ ਚੀਜ਼ਾਂ ਹੋਰ ਲੋਕਾਂ ਨਾਲ ___16___ ਵੀ ਲੈਂਦੇ ਸਨ। ਇਸ ਕੰਮ ਨੂੰ ___17___ ਕਿਹਾ ਜਾਂਦਾ ਸੀ।

ਧਾਤ ਦੇ ਸਿੱਕੇ ਸਭ ਤੋਂ ਪਹਿਲਾਂ ਸ਼ਾਇਦ 650 ਪੂਰਵ ਈਸਵੀ ਦੇ ਲੱਗਭਗ ਬਣਾਏ ਗਏ। ਸਿੱਕਿਆਂ ਨਾਲ ਚੀਜ਼ਾਂ ___18___ ਜ਼ਿਆਦਾ ਸੌਖਾ ਸੀ ਕਿਉਂਕਿ ਹਰ ਇੱਕ ਸਿੱਕੇ ਦਾ ਭਾਅ ਉਸ ਦੇ ਭਾਰ ਤੇ ਅਧਾਰਿਤ ਸੀ। ਤੀਜੀ ਸਦੀ ਪੂਰਵ ਈਸਵੀ ਤੋਂ ਲੈ ਕੇ ਸਿੱਕਿਆਂ ਤੇ ਆਮ ਤੌਰ ਤੇ ਉਸ ਦੇਸ਼ ਦੇ ਸ਼ਾਸ਼ਕ ਦੀ ___19___ ਹੁੰਦੀ ਸੀ ਜਿਸ ਵਿੱਚ ਉਹ ਸਿੱਕੇ ਵਰਤੇ ਜਾਂਦੇ ਸਨ। ਇਹ ਗੱਲ ਦਰਸਾਉਂਦੀ ਸੀ ਕਿ ਸਿੱਕੇ ਦੀ ___20___ ਦੀ ਗਰੰਟੀ ਕਿਸ ਨੇ ਦਿੱਤੀ ਹੈ। ਕਈ ਦੇਸ਼ਾਂ ਵਿੱਚ ਅਜੇ ਵੀ ਇਹ ਰਿਵਾਜ ਜਾਰੀ ਹੈ।

ਦੱਬੇ ਹੋਏ ਖਜ਼ਾਨੇ ਸਾਰੀ ਦੁਨੀਆਂ ਵਿੱਚ ਥੋੜ੍ਹੇ ਥੋੜ੍ਹੇ ਸਮੇਂ ਬਾਦ ਲਗਾਤਾਰ ਲੱਭ ਰਹੇ ਹਨ। ਬੈਂਕਾਂ ਚਾਲੂ ਹੋਣ ਤੋਂ ਪਹਿਲਾਂ ਧਨ ਜਮ੍ਹਾਂ ਕਰਨ ਦਾ ਇੱਕੋ ਇੱਕ ਤਰੀਕਾ ਸਿੱਕਿਆਂ ਨੂੰ ___21___ ਕੇ ਰੱਖਣ ਦਾ ਸੀ। ਖਤਰੇ ਵਾਲੇ ਸਮੇਂ ਵਿੱਚ ਸੁਰੱਖਿਆ ਵਾਸਤੇ ਸਿੱਕੇ ___22___ ਜਾਂਦੇ ਸਨ ਅਤੇ ਕਈ ਵਾਰੀ ਤਾਂ ਇਹ ਗੁਆਚ ਹੀ ਜਾਂਦੇ ਸਨ ਜਾਂ ਇਨ੍ਹਾਂ ਦਾ ਚੇਤਾ ਹੀ ਭੁੱਲ ਜਾਂਦਾ ਸੀ। ਦੁਨੀਆਂ ਦੇ ਕਈ ਹਿੱਸਿਆਂ ਵਿੱਚ ਸਮੁੰਦਰੀ ਲੁਟੇਰਿਆਂ ਨੇ ___23___ ਦੱਬੇ ਹੋਏ ਹਨ ਅਤੇ ਇਨ੍ਹਾਂ ਬਾਰੇ ਕਈ ਦਲੇਰੀ ਵਾਲੀਆਂ ਕਹਾਣੀਆਂ ਤੇ ਨਾਵਲ ਲਿਖੇ ਗਏ ਹਨ।

ਦੱਬੇ ਹੋਏ ਸਿੱਕਿਆਂ ਦੀ ਆਰਥਿਕ ਕੀਮਤ ਬਹੁਤ ਹੁੰਦੀ ਹੈ ਪਰ ਇਹ ਪੁਰਾਤਤਵ ਵਿਗਿਆਨੀਆਂ ਲਈ ਵੀ ਬਹੁਤ ___24___ ਹਨ। ਸਿੱਕੇ ਉਪਰਲਾ ਡਿਜ਼ਾਈਨ ਪ੍ਰਾਚੀਨ ਥਾਂਵਾਂ ਦੀ ਪ੍ਰਾਚੀਨਤਾ ਜਾਂ ਸਮੁੰਦਰੀ ਜਹਾਜ਼ ਦੇ ਤਬਾਹ ਹੋਣ ਦੀ ___25___ ਬਾਰੇ ਪਤਾ ਲਾਉਣ ਵਿੱਚ ਮੱਦਦ ਕਰਦਾ ਹੈ। ਜਦ ਕਿ ਦੂਰ ਦੁਰਾਡੇ ਦੇਸ਼ਾਂ ਦੇ ਸਿੱਕੇ ਪੁਰਾਤਨ ਵਪਾਰਕ ਰਸਤਿਆਂ ਦੀ ਹੋਂਦ ਦਾ ਪ੍ਰਗਟਾਵਾ ਕਰਦੇ ਹਨ।

| | | |
|---|---|---|
| (1) ਖਜ਼ਾਨੇ | (2) ਦੱਬੇ | (3) ਤਾਰੀਖ |
| (4) ਲੁਕੋ | (5) ਲੱਭਣਾ | (6) ਤਸਵੀਰ |
| (7) ਕੀਮਤ | (8) ਲਾਭਦਾਇਕ | (9) ਖਰੀਦਣਾ |
| (10) ਵਟਾ | (11) ਵੱਟਾ-ਸੱਟਾ | (12) ਜੋੜਨ |
| (13) ਪੁਰਾਣਾ | (14) ਲੁਟੇਰੇ | (15) ਯਾਦ |

## Section B

### ਭਾਗ (ਅ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸਵਾਲਾਂ ਦੇ ਜਵਾਬ ਦਿਓ:*

ਫੌਰਿਸਟ ਰੀਸਰਚ ਇਨਸਟੀਚਿਊਟ ਔਫ ਮਲੇਸ਼ੀਆ(FRIM) ਦੇ ਨਿਰਦੇਸ਼ਕ, ਡਾਕਟਰ ਅਜ਼ਾਹਰੀ ਨੇ ਕਿਹਾ ਕਿ "ਮਨੁੱਖ ਹੋਣ ਦੇ ਨਾਤੇ ਸਾਡੇ ਲਈ ਇਹ ਸਧਾਰਨ ਜਿਹੀ ਗੱਲ ਹੈ ਕਿ ਜਨਮ ਲੈਣ ਤੇ ਸਾਡਾ ਨਾਂ ਰੱਖਿਆ ਜਾਂਦਾ ਹੈ ਤੇ ਸਰਕਾਰੀ ਰਜਿਸਟਰ ਵਿੱਚ ਦਰਜ ਕਰਵਾ ਦਿੱਤਾ ਜਾਂਦਾ ਹੈ ।"

"ਪਰ", ਉਸਨੇ ਹੋਰ ਕਿਹਾ ਕਿ "ਬਹੁਤ ਸਾਰੇ 600,000 ਘਿਸਰਦੇ, ਰਿੜ੍ਹਦੇ,ਉੱਡਦੇ ਤੇ ਭਿਣਕਦੇ ਕੀੜੇ ਮਕੌੜੇ ਜਿਹੜੇ ਇੱਥੇ ਫਰਿਮ (FRIM) ਵਿੱਚ ਇਕੱਠੇ ਕੀਤੇ ਹੋਏ ਹਨ ਉਨ੍ਹਾਂ ਨਾਲ ਇਸ ਤਰ੍ਹਾਂ ਨਹੀਂ ਹੁੰਦਾ । ਸਿਰਫ਼ 10,000 ਕੀੜੇ ਮਕੌੜਿਆਂ ਨੂੰ ਹੀ ਆਪਣਾ ਖਾਸ ਨਾਂ ਮਿਲਣ ਦਾ ਸ਼ੁਭ ਮੌਕਾ ਮਿਲਿਆ ਹੈ – ਬਾਕੀ ਦੇ ਸਾਰੇ ਕੀੜੇ-ਮਕੌੜਿਆਂ ਦੀ ਦੁਨੀਆਂ ਵਿੱਚ ਬਿਨਾਂ ਕਿਸੇ ਜਾਤ, ਕਿਸਮ, ਪਰਿਵਾਰ ਜਾਂ ਜਿਣਸ ਤੋਂ ਹੀ ਹਨ । ਇਸ ਲਈ ਲੋਕਾਂ ਵਾਸਤੇ ਇਨ੍ਹਾ ਦੀ ਪਹਿਚਾਣ ਕਰਨੀ ਮੁਸ਼ਕਲ ਹੈ ਤੇ ਇਸ ਕਾਰਨ ਇਨ੍ਹਾਂ ਨੂੰ ਪ੍ਰਕਿਰਤੀ ਵਿੱਚ ਆਪਣਾ ਯੋਗ ਸਥਾਨ ਨਹੀਂ ਮਿਲਦਾ ।"

ਮਲੇਸ਼ੀਆ ਵਿੱਚ ਹੁਣ ਹਾਲਾਤ ਬਦਲਣ ਵਾਲੇ ਹਨ, ਸਿਰਫ ਕੀੜੇ-ਮਕੌੜਿਆਂ ਲਈ ਹੀ ਨਹੀਂ ਸਗੋਂ ਬੂਟਿਆਂ, ਰੁੱਖਾਂ ਤੇ ਜਾਨਵਰਾਂ ਲਈ ਵੀ । ਇਨ੍ਹਾਂ ਦੀ ਪਛਾਣ ਕਰਨ ਵਾਸਤੇ ਬਹੁਤ ਵੱਡਾ ਯਤਨ ਜਾਰੀ ਹੈ ਕਿ ਪਤਾ ਲਗਾਇਆ ਜਾਵੇ ਕਿ ਇਹ ਕੀ ਹਨ, ਕਿੱਥੇ ਹਨ ਅਤੇ ਗਿਣਤੀ ਵਿੱਚ ਕਿੰਨੇ ਕੁ ਹਨ ।

"ਉਦਾਹਰਣ ਵਜੋਂ, ਅਸੀਂ ਪੈਸੋਹ ਫੌਰਿਸਟ ਰਿਜ਼ਰਵ ਵਿੱਚ ਦਰੱਖਤਾਂ ਦੇ ਨਕਸ਼ੇ ਬਣਾ ਰਹੇ ਹਾਂ ਤੇ ਨਿਸ਼ਾਨਦੇਹੀ ਕਰ ਰਹੇ ਹਾਂ ।" ਡਾਕਟਰ ਅਜ਼ਾਹਰੀ ਨੇ ਪੁਸ਼ਟੀ ਕੀਤੀ । 50 ਹੈਕਟੇਅਰ ਦੇ ਇਲਾਕੇ ਵਿੱਚ ਵੱਖ ਵੱਖ ਕਿਸਮਾਂ ਦੇ 6000 ਰੁੱਖ ਹੋ ਸਕਦੇ ਹਨ ਜਿਨ੍ਹਾਂ ਵਿੱਚ ਇੱਕ ਸੈਂਟੀਮੀਟਰ ਘੇਰੇ ਵਾਲਿਆਂ ਤੋਂ ਲੈ ਕੇ ਵੱਡੇ ਆਕਾਰ ਦੇ ਦਰੱਖਤ ਹਨ ਜਿਹੜੇ ਕਿ ਜੰਗਲ ਨੂੰ ਛਤਰੀ ਵਾਂਗ ਢਕ ਲੈਂਦੇ ਹਨ । ਜਦੋਂ ਅਸੀਂ ਉੱਥੇ ਪੂਰਾ ਸਰਵੇ ਕਰਨ ਜਾਂਦੇ ਹਾਂ ਤਾਂ ਸਾਨੂੰ ਨਵੀਆਂ ਕਿਸਮਾਂ ਲੱਭਦੀਆਂ ਹਨ । ਸਾਡੇ ਖੋਜੀਆਂ ਵਾਸਤੇ ਇਹ ਬੜੀ ਚੰਗੀ ਗੱਲ ਹੈ ਪਰ ਉਹ ਨਿਰਾਸ਼ ਵੀ ਹੁੰਦੇ ਹਨ ਕਿਉਂਕਿ ਹਰ ਵਾਰ ਕੁਝ ਨਾ ਕੁਝ ਨਵਾਂ ਜ਼ਰੂਰ ਹੋਵੇਗਾ ਤੇ ਅਸੀਂ ਸੂਚੀ ਪੂਰੀ ਨਹੀਂ ਕਰ ਸਕਾਂਗੇ ।

ਇਹ ਸਾਰਾ ਕੁਝ ਕਰਨ ਲਈ, ਫਰਿਮ (FRIM) ਇੱਕ ਖੋਜੀਆਂ ਤੇ ਵਿਗਿਆਨੀਆਂ ਦੀ ਮੀਟਿੰਗ ਬੁਲਾਉਣ ਦੀ ਯੋਜਨਾ ਬਣਾ ਰਹੀ ਹੈ ਅਤੇ ਵੱਖ ਵੱਖ ਕਿਸਮਾਂ ਦੇ ਜੰਤੂਆਂ ਦੀ ਪਛਾਣ ਕਰਨ ਵਾਸਤੇ ਸਿਖਲਾਈ ਦੇਣ ਲਈ ਵਿਦੇਸ਼ੀ ਮਾਹਿਰਾਂ ਦੀ ਸਹਾਇਤਾ ਵੀ ਲਈ ਜਾਵੇਗੀ । ਦੇਸ਼ ਦੇ ਉਹ ਹਿੱਸੇ ਜਿਨ੍ਹਾਂ ਵਿੱਚ ਖਾਸ ਤੌਰ ਤੇ ਅਲੋਪ ਹੋ ਰਹੀਆਂ ਤੇ ਘੱਟ ਗਿਣਤੀ ਵਿੱਚ ਮਿਲਣ ਵਾਲੀਆਂ ਕਿਸਮਾਂ ਪਾਈਆਂ ਜਾਂਦੀਆਂ ਹਨ ਦੀ ਪਛਾਣ ਕੀਤੀ ਜਾਵੇਗੀ ਤੇ ਉਨ੍ਹਾਂ ਦੀ ਸੁਰੱਖਿਆ ਕਰਨ ਵਾਸਤੇ ਸਿਫਾਰਸ਼ ਕੀਤੀ ਜਾਵੇਗੀ ।

ਨਿਰਦੇਸ਼ਕ ਨੇ ਕਿਹਾ ਕਿ "ਸਾਡੇ ਸੁਰੱਖਿਅਕਾਂ ਵਿੱਚ ਇਸ ਪ੍ਰੋਜੈਕਟ ਦੀ ਤਰੱਕੀ ਲਈ ਇੰਨਾ ਉਤਸ਼ਾਹ ਹੈ ਕਿ ਉਹ ਹਫਤੇ ਵਿੱਚ ਅਕਸਰ ਕਈ ਕਈ ਘੰਟੇ ਵਾਧੂ ਸਮਾਂ ਕੰਮ ਕਰਦੇ ਹਨ ।" ਜਦੋਂ ਵੀ ਕੋਈ ਨਵੀਂ ਕਿਸਮ ਲੱਭੀ ਜਾਂਦੀ ਹੈ ਤਾਂ ਸਾਰੀ ਟੀਮ ਵਿੱਚ ਉਸ ਪ੍ਰਾਪਤੀ ਲਈ ਬਹੁਤ ਉਤਸ਼ਾਹ ਹੁੰਦਾ ਹੈ ਭਾਵੇਂ ਇਹ ਕਿਸੇ ਇਕੱਲੇ ਮੈਂਬਰ ਨੇ ਲੱਭੀ ਹੋਵੇ ਜਾਂ ਇੱਕ ਗਰੁੱਪ ਨੇ ।

ਇਹ ਜਾਣਕਾਰੀ ਇਕੱਠੀ ਕਰਕੇ ਸੂਚੀਬੱਧ ਕਰਨ ਦੇ ਸਿੱਟੇ ਵਜੋਂ ਮਲੇਸ਼ੀਆ ਕੋਲ ਇਸ ਦੇ ਬੂਟਿਆਂ, ਦਰੱਖਤਾਂ ਤੇ ਜਾਨਵਰਾਂ ਬਾਰੇ ਵਿਸਥਾਰ ਪੂਰਵਕ ਅਤੇ ਵਿਗਿਆਨਕ ਅੰਕੜੇ ਹੋਣਗੇ ਤੇ ਉਨ੍ਹਾਂ ਦੀ ਸਿਹਤ ਦੇ ਕਾਰਡ ਹੋਣਗੇ ।

ਇਸ ਨਾਲ, ਅੰਤ ਵਿੱਚ ਬਾਕੀ ਬਚਦੇ 590,000 ਘਿਸਰਦੇ ਤੇ ਰਿੜ੍ਹਦੇ ਕੀੜੇ-ਮਕੌੜੇ ਆਪਣੇ ਖਾਸ ਲਾਤੀਨੀ ਨਾਵਾਂ ਨਾਲ ਜਾਣੇ ਜਾਣਗੇ ।

© UCLES & MOE 2007

**B5 MCQ Comprehension** [14]

**ਸਮਝਣਾ - ਬਹੁਵਿਕਲਪੀ ਸੁਆਲ**

*ਵਾਰਤਾ ਦੇ ਆਧਾਰ ਤੇ ਹੇਠ ਲਿਖੇ ਸਵਾਲਾਂ ਦੇ ਚਾਰ- ਚਾਰ ਉੱਤਰ ਸੁਝਾਏ ਗਏ ਹਨ। ਠੀਕ ਉੱਤਰ ਚੁਣ ਕੇ ਉਸਦਾ ਨੰਬਰ ਆਪਣੇ ਉੱਤਰ ਪੰਨੇ ਵਿੱਚ ਲਿਖੋ :*

**26** ਵਾਰਤਾ ਵਿੱਚ ਦਿੱਤੇ ਹੋਏ ਸ਼ਬਦ " ਉਨ੍ਹਾਂ ਨਾਲ ਇਸ ਤਰ੍ਹਾਂ ਨਹੀਂ ਹੁੰਦਾ" ਖਾਸ ਤੌਰ ਤੇ ਇਹ ਗੱਲ ਦੱਸਦੇ ਹਨ ਕਿ

**(1)** ਹਰੇਕ ਪੌਦੇ ਦਾ ਨਾਂ ਨਹੀਂ ਰੱਖਿਆ ਹੁੰਦਾ।

**(2)** ਹਰੇਕ ਕੀੜੇ ਦਾ ਨਾਂ ਨਹੀਂ ਰੱਖਿਆ ਹੁੰਦਾ।

**(3)** ਹਰੇਕ ਆਦਮੀ ਦਾ ਨਾਂ ਸਰਕਾਰੀ ਰਜਿਸਟਰ ਵਿੱਚ ਦਰਜ ਨਹੀਂ ਹੁੰਦਾ।

**(4)** ਸਰਕਾਰ ਵਲੋਂ ਹਰੇਕ ਆਦਮੀ ਦਾ ਨਾਂ ਨਹੀਂ ਰੱਖਿਆ ਜਾਂਦਾ।

**27** ਲੇਖਕ ਨੇ ਸਾਰੇ ਕੀੜਿਆਂ ਬਾਰੇ ਗੱਲ ਕਰਨ ਵਾਸਤੇ "————" ਸ਼ਬਦਾਂ ਦੀ ਵਰਤੋਂ ਕੀਤੀ ਹੈ।

**(1)** ਕੀੜੇ-ਮਕੌੜਿਆਂ ਦੀ ਦੁਨੀਆਂ

**(2)** ਕਿਸਮਾਂ

**(3)** ਘਿਸਰਨ ਵਾਲੇ

**(4)** ਰਿੜ੍ਹਨ ਵਾਲੇ

**28** ਫਰਿਮ (FRIM) ਦੇ ਖੋਜੀ

**(1)** ਪੌਦਿਆਂ ਦੀ ਸੂਚੀ ਬਣਾਉਣੀ ਸ਼ੁਰੂ ਕਰਨ ਵਾਲੇ ਹਨ।

**(2)** ਪੌਦਿਆਂ ਦੀ ਸੂਚੀ ਵਿੱਚ ਹਰ ਵੇਲੇ ਕੁਝ ਨਵਾਂ ਜੋੜਦੇ ਰਹਿੰਦੇ ਹਨ।

**(3)** ਪੌਦਿਆਂ ਦੀ ਸੂਚੀ ਲੱਗਭਗ ਪੂਰੀ ਕਰ ਚੁੱਕੇ ਹਨ।

**(4)** ਅਖੀਰ ਵਿੱਚ ਪੌਦਿਆਂ ਦੀ ਸੂਚੀ ਪੂਰੀ ਕਰ ਚੁੱਕੇ ਹਨ।

**29** ਡਾਕਟਰ ਅਜ਼ਾਹਰੀ ਅਨੁਸਾਰ, ਖੋਜੀਆਂ ਦਾ ਕੰਮ

**(1)** ਅਕਾਊ ਤੇ ਨੀਰਸ ਹੈ।

**(2)** ਵਧੀਆ ਤੇ ਲਾਭਦਾਇਕ ਹੈ।

**(3)** ਰੌਚਿਕ ਪਰ ਫਾਇਦੇਮੰਦ ਨਹੀਂ ਹੈ।

**(4)** ਵਧੀਆ ਪਰ ਨਿਰਾਸ਼ਾਜਨਕ ਹੈ ।

**30** ਘੱਟ ਗਿਣਤੀ ਵਿੱਚ ਮਿਲਣ ਤੇ ਅਲੋਪ ਹੋਣ ਦੇ ਖਤਰੇ ਵਾਲੀਆਂ ਜਿਣਸਾਂ ਦੀ ਪਛਾਣ

**(1)** ਵਿਦੇਸ਼ੀ ਮਾਹਿਰ ਕਰਨਗੇ ।

**(2)** ਸਥਾਨਿਕ ਸਟਾਫ ਕਰੇਗਾ।

**(3)** ਖੋਜੀ ਕਰਨਗੇ।

**(4)** ਵਿਗਿਆਨੀ ਕਰਨਗੇ।

**31** ਸੁਰੱਖਿਅਕ

**(1)** ਘੱਟ ਤੋਂ ਘੱਟ ਘੰਟੇ ਕੰਮ ਕਰਦੇ ਹਨ।

**(2)** ਕਈ ਘੰਟੇ ਜ਼ਿਆਦਾ ਅਤੇ ਹਮੇਸ਼ਾ ਟੀਮ ਵਿੱਚ ਕੰਮ ਕਰਦੇ ਹਨ।

**(3)** ਇਕੱਲੇ ਇਕੱਲੇ ਅਤੇ ਟੀਮ ਵਿੱਚ ਕੰਮ ਕਰਦੇ ਹਨ।

**(4)** ਬਹੁਤ ਘੰਟੇ ਵਧੇਰੇ ਪਰ ਹਮੇਸ਼ਾ ਇਕੱਲੇ ਇਕੱਲੇ ਕੰਮ ਕਰਦੇ ਹਨ।

**32** ਇਸ ਖੋਜ ਦਾ ਅੰਤਿਮ ਉਦੇਸ਼ ਹੈ ਕਿ

**(1)** ਇਹ ਗੱਲ ਯਕੀਨੀ ਬਣਾਈ ਜਾਵੇ ਕਿ ਸਾਰੇ ਪੌਦੇ, ਦਰੱਖਤ ਤੇ ਜਾਨਵਰ ਤੰਦਰੁਸਤ ਹਨ।

**(2)** ਸਾਰੇ ਪੌਦਿਆਂ ਤੇ ਜਾਨਵਰਾਂ ਦੀਆਂ ਕਿਸਮਾਂ ਦੇ ਮਲੇਸ਼ੀਅਨ ਨਾਂ ਰੱਖੇ ਜਾਣ।

**(3)** ਮਲੇਸ਼ੀਆ ਵਿੱਚਲੇ ਹਰੇਕ ਤਰ੍ਹਾਂ ਦੇ ਪੌਦੇ ਤੇ ਜਾਨਵਰ ਦਾ ਰਿਕਾਰਡ ਰੱਖਿਆ ਜਾਵੇ।

**(4)** ਪਤਾ ਲਗਾਇਆ ਜਾਵੇ ਕਿ ਮਲੇਸ਼ੀਆ ਵਿੱਚ ਪੌਦਿਆਂ ਤੇ ਜਾਨਵਰਾਂ ਦੀਆਂ ਕਿੰਨੀਆਂ ਨਵੀਆਂ ਨਸਲਾਂ ਹਨ।

© UCLES & MOE 2007

**BLANK PAGE**

**PLEASE TURN OVER FOR SECTION C**

## Section C
## ਭਾਗ (ੲ)

*ਹੇਠ ਦਿੱਤੇ ਗਏ ਵਾਰਤਕ ਅੰਸ਼ ਨੂੰ ਧਿਆਨ ਨਾਲ ਪੜ੍ਹੋ ਅਤੇ ਬਾਅਦ ਵਿੱਚ ਦਿੱਤੇ ਸਵਾਲਾਂ ਦੇ ਉੱਤਰ ਜਿਥੇ ਤੱਕ ਸੰਭਵ ਹੋਵੇ, ਆਪਣੇ ਸ਼ਬਦਾਂ ਵਿੱਚ ਦਿਓ:*

ਅਸਮਾਨ ਤੇ ਕਾਲੇ ਬੱਦਲ ਛਾਏ ਹੋਏ ਸਨ ਤੇ ਤੇਜ਼ ਹਵਾਵਾਂ ਮਲਾਹਾਂ ਵਾਸਤੇ ਮੁਸ਼ਕਲਾਂ ਪੈਦਾ ਕਰ ਰਹੀਆਂ ਸਨ। ਦੁਪਹਿਰ ਵੇਲੇ ਜਦੋਂ ਅਸੀਂ ਇਸ ਮਨਮੋਹਕ ਇਲਾਕੇ ਦੀਆਂ ਨਹਿਰਾਂ ਤੇ ਨਦੀਆਂ ਦੇ ਜਾਲ ਦੀ ਸੈਰ ਕਰਨ ਜਾਣ ਵਾਸਤੇ ਆਪਣੀ ਹਾਊਸਬੋਟ ਦੀ ਉਡੀਕ ਕਰ ਰਹੇ ਸੀ ਤਾਂ ਪਾਣੀ ਦੀਆਂ ਲਹਿਰਾਂ ਠਾਠਾਂ ਮਾਰ ਰਹੀਆਂ ਸਨ।

ਸੈਰ-ਸਪਾਟੇ ਦੇ ਦਫਤਰ ਵਿਚਲੇ ਇਸ ਯੋਜਨਾ ਦੇ ਮਿਹਨਤੀ ਏਜੰਟ ਸਾਨੂੰ ਕਿਸ਼ਤੀ ਵਿੱਚ ਪਹਿਲਾਂ ਆਈਆਂ ਹੋਈਆਂ ਤਕਨੀਕੀ ਖਰਾਬੀਆਂ ਬਾਰੇ ਦੱਸਦੇ ਰਹੇ ਸਨ ਪਰ ਅਖੀਰ ਵਿੱਚ ਸਾਡੀ ਕਿਸ਼ਤੀ ਪਹੁੰਚ ਹੀ ਗਈ। ਸੰਘਣੀ ਆਵਾਜਾਈ ਵਿਚਦੀ ਬੜੀ ਮੁਹਾਰਤ ਨਾਲ ਹੌਲੀ ਹੌਲੀ ਘੁੰਮਦੀ ਹੋਈ ਕਿਸ਼ਤੀ ਅੱਡੇ ਤੇ ਆ ਕੇ ਰੁਕ ਗਈ। ਮਲਾਹਾਂ ਦੇ **<u>ਜੱਥੇ</u>** ਦੇ ਤਿੰਨ ਮੈਂਬਰ ਸਨ –ਇੱਕ ਰਸੋਈਆ, ਇੱਕ ਗਾਈਡ ਤੇ ਇੱਕ ਕਪਤਾਨ। "ਮੈਂ ਇੱਕ ਬੱਚਾ ਸੀ ਜਦੋਂ ਇਹ ਕਿਸ਼ਤੀ ਚਲਾਉਣੀ ਸਿੱਖੀ", ਚਾਲੀ ਕੁ ਸਾਲਾਂ ਦੇ ਭਰਵੇਂ ਸਰੀਰ ਵਾਲੇ ਸੋਮਨ ਨਾਂ ਦੇ ਕਪਤਾਨ ਨੇ ਕਿਹਾ। ਬੜੀ **<u>ਨਿਪੁੰਨਤਾ</u>** ਨਾਲ ਉਸ ਨੇ ਕਿਸ਼ਤੀ ਨੂੰ ਧਕੇਲਣ ਵਾਸਤੇ ਚੱਪੂ ਨੂੰ ਫੜਿਆ ਅਤੇ ਕਿਸ਼ਤੀ ਨੂੰ ਕੰਢੇ ਤੋਂ ਪਰ੍ਹੇ ਧੱਕ ਦਿੱਤਾ ਅਤੇ ਜਿਉਂ ਹੀ ਰਫਤਾਰ ਤੇਜ਼ ਹੋਈ ਉਸਨੇ ਬਹੁਤੇ ਯਤਨ ਕਰਨ ਤੋਂ ਬਗੈਰ ਹੀ ਛਾਲ ਮਾਰਦੇ ਹੋਏ ਸਟੇਰਿੰਗ ਵੀਲ ਫੜ ਲਿਆ।

ਇਹ ਇਕਾਂਤ ਵਾਲੀ **<u>ਅਨੋਖੀ</u>** ਰਿਹਾਇਸ਼ ਸੀ ਜਿੱਥੇ ਨਾ ਟੈਲੀਵੀਜ਼ਨ ਸੀ, ਨਾ ਕੋਈ ਅਖਬਾਰ ਤੇ ਨਾ ਹੀ ਟੈਲੀਫੋਨ। ਅਸੀਂ ਅਜਿਹੀ ਦੁਨੀਆਂ ਵੱਲ ਜਾ ਰਹੇ ਸੀ ਜਿੱਥੇ ਸੜਕਾਂ ਨਹੀਂ ਹਨ ਅਤੇ ਬਾਹਰਲੇ ਹਿੱਸੇ ਨਾਲ ਜੁੜਨ ਲਈ ਸਿਰਫ ਕਿਸ਼ਤੀਆਂ ਤੇ ਹੀ ਨਿਰਭਰ ਕਰਨਾ ਪੈਂਦਾ ਹੈ। ਨਹਿਰਾਂ ਤੇ ਕੱਪੜੇ ਧੋਣ ਜਾਂ ਨ੍ਹਾਉਣ ਆਦਿਕ ਕ੍ਰਿਆਵਾਂ ਵਿੱਚ ਰੁਝੇ ਹੋਏ ਲੋਕਾਂ ਦੀ ਰੌਣਕ ਲੱਗੀ ਹੋਈ ਸੀ।

"ਤੁਸੀਂ ਰਾਤ ਦੇ ਖਾਣੇ ਵਿੱਚ ਕੀ ਖਾਓਗੇ ?" ਗੰਢੇ ਕੱਟਦੇ ਹੋਏ ਰਸੋਈਏ ਨੇ ਪੁੱਛਿਆ, "ਸਾਡੇ ਕੋਲ **<u>ਸ਼ਾਕਾਹਾਰੀ</u>** ਖਾਣੇ ਦੀ ਸੂਚੀ ਹੈ ਪਰ ਸਥਾਨਿਕ ਮੱਛੀ ਸਾਡਾ ਮੁੱਖ ਖਾਣਾ ਹੈ।" ਮੈਂ ਮੱਛੀ ਖਾਣੀ ਚੁਣੀ ਤੇ ਇਹ ਬਹੁਤ ਸੁਆਦ ਸੀ।

ਇੱਕ ਛੋਟੀ ਜਿਹੀ ਕਿਸ਼ਤੀ ਨੇੜੇ ਆਈ ਤੇ ਮਛਿਆਰੇ ਨੇ ਤਾਜ਼ੇ ਫੜੇ ਹੋਏ ਬੜੇ ਬੜੇ ਝੀਂਗਿਆਂ ਦੀ **<u>ਨੁਮਾਇਸ਼</u>** ਕੀਤੀ। ਉਹ ਮੱਛੀਆਂ ਫੜਨ ਦੇ ਨਾਲ ਨਾਲ ਫੜੀਆਂ ਹੋਈਆਂ ਮੱਛੀਆਂ ਵੇਚ ਵੀ ਰਿਹਾ ਸੀ। ਕੰਢਿਆਂ ਤੇ ਬਹੁਤ ਸਾਰੇ ਕੰਮ-ਚਲਾਊ ਦੁਕਾਨਦਾਰ ਵੱਡੀ ਗਿਣਤੀ ਵਿੱਚ ਵੱਖ-ਵੱਖ ਤਰ੍ਹਾਂ ਦਾ ਸਮਾਨ ਵੇਚ ਰਹੇ ਸਨ।

ਸੂਰਜ ਛੁੱਪਣ ਤੇ, ਕਿਸ਼ਤੀ ਨੂੰ ਕੰਢੇ ਤੇ ਜਕੜ ਕੇ ਬੰਨ ਦਿੱਤਾ ਗਿਆ। ਰਾਤ ਬਹੁਤ ਸ਼ਾਂਤ ਸੀ ਸਿਵਾਏ ਇਸ ਦੇ ਕਿ ਕਦੇ ਕਦੇ ਮੱਛੀਆਂ ਪਾਣੀ ਤੋਂ ਬਾਹਰ ਕਲਾਬਾਜ਼ੀਆਂ ਲਾਉਂਦੀਆ ਸਨ ਤੇ ਘੁੱਪ ਹਨ੍ਹੇਰੇ ਵਿੱਚ ਸਿਰਫ ਕਿਸ਼ਤੀਆਂ ਦੀਆਂ ਬੱਤੀਆਂ ਹੀ ਝਿਲਮਲਾਉਂਦੀਆਂ ਸਨ। ਜਦੋਂ ਅਸੀਂ ਸੁੱਤੇ ਉੱਠੇ ਤਾਂ ਸੂਰਜ ਝਿਲਮਿਲ ਕਰਦਾ ਹੋਇਆ ਚਮਕ ਰਿਹਾ ਸੀ ਤੇ ਝੀਲ ਤੇ ਹੋ ਰਹੀਆਂ ਕ੍ਰਿਆਵਾਂ ਨਾਲ ਰੌਣਕ ਲੱਗੀ ਹੋਈ ਸੀ। ਕਿਸ਼ਤੀਆਂ ਲੋਕਾਂ ਨਾਲ ਭਰੀਆਂ ਹੋਈਆਂ ਸਨ ਜਿਹੜੇ ਕਿ ਦਿਨ ਭਰ ਦੇ ਕੰਮ ਕਰਨ ਲਈ ਜਾ ਰਹੇ ਸਨ।

ਗਾਈਡ ਨੇ ਕਿਹਾ, " ਤੁਸੀਂ ਅਜੇ ਨਹਿਰਾਂ ਦੇ ਇਸ ਜਾਲ ਦੇ ਛੋਟੇ ਜਿਹੇ ਹਿੱਸੇ ਬਾਰੇ ਹੀ ਜਾਣਕਾਰੀ ਪ੍ਰਾਪਤ ਕੀਤੀ ਹੈ ਜਿਹੜਾ ਕਿ ਇਸ ਇਲਾਕੇ ਵਿੱਚ ਪੈਂਦਾ ਹੈ।"

ਹਾਂ, ਉਹ ਠੀਕ ਸੀ - ਸਾਨੂੰ ਸ਼ਾਇਦ ਇਨ੍ਹਾਂ ਪਾਣੀਆਂ ਦੀ ਸ਼ਾਂਤੀ ਦਾ ਆਨੰਦ ਮਾਨਣ ਵਾਸਤੇ ਫਿਰ ਕਿਸੇ ਵੇਲੇ ਇੱਧਰ ਜ਼ਰੂਰ ਆਉਣਾ ਪਏਗਾ।

© UCLES & MOE 2007

## C6 OE Comprehension [36]

**ਸਮਝਣਾ - ਮੁਕਤ ਉੱਤਰ ਵਾਲੇ ਸਵਾਲ**

33 ਉਹ ਕਿਹੜੇ **ਚਾਰ** ਕਾਰਨ ਹਨ ਜਿਨ੍ਹਾਂ ਕਰਕੇ ਕਿਸ਼ਤੀ ਪਛੜ ਕੇ ਆਈ ?

34 ਉਹ ਕਿਹੜੇ ਵੇਰਵੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਮਲਾਹ ਤਜਰਬੇਕਾਰ ਸੀ ? **ਚਾਰ** ਉਦਾਹਰਣਾਂ ਦਿਓ ।

35 ਵਿਸਥਾਰ ਨਾਲ ਦੱਸੋ ਕਿ ਇਨ੍ਹਾਂ ਜਲ-ਮਾਰਗਾਂ ਤੇ ਜ਼ਿੰਦਗੀ ਆਧੁਨਿਕ ਜੀਵਨ ਤੋਂ ਕਿਸ ਤਰ੍ਹਾਂ ਪ੍ਰਭਾਵਿਤ ਨਹੀਂ ਹੋਈ ਹੈ ? **ਚਾਰ** ਵੇਰਵੇ ਦਿਓ ।

36 ਲੇਖਕ ਨੇ ਸਵੇਰ ਤੇ ਰਾਤ ਦੇ ਸਮੇਂ ਦਾ ਅੰਤਰ ਕਿਸ ਤਰ੍ਹਾਂ ਵਰਣਨ ਕੀਤਾ ਹੈ ?

37 ਵਾਰਤਾ ਵਿੱਚੋਂ ਇਸ ਇਲਾਕੇ ਦੇ ਲੋਕਾਂ ਦੇ ਮਿਹਨਤੀ ਹੋਣ ਦੇ ਕੀ ਸਬੂਤ ਮਿਲਦੇ ਹਨ ? **ਚਾਰ** ਗੱਲਾਂ ਦੱਸੋ ।

38 ਕਿਹੜੀਆਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਲੇਖਕ ਨੇ ਸਫਰ ਦੇ ਇਸ ਤਜਰਬੇ ਦਾ ਬਹੁਤ ਆਨੰਦ ਮਾਣਿਆ? **ਚਾਰ** ਉਦਾਹਰਣਾਂ ਦਿਓ ।

## C7 Vocabulary [10]

**ਸ਼ਬਦਾਰਥ**

*ਉਪਰੋਕਤ ਵਾਰਤਕ- ਅੰਸ਼ ਵਿੱਚ ਹੇਠ ਲਿਖੇ ਲਕੀਰੇ ਸ਼ਬਦ ਆਏ ਹਨ । ਉਨ੍ਹਾਂ ਦਾ ਅਰਥ ਲਿਖੋ ਜਿਵੇਂ ਉਹ ਵਾਰਤਕ-ਅੰਸ਼ ਵਿੱਚ ਵਰਤੇ ਗਏ ਹਨ ।*

39 ਜੱਥਾ

40 ਨਿਪੁੰਨਤਾ

41 ਅਨੋਖੀ

42 ਸ਼ਾਕਾਹਾਰੀ

43 ਨੁਮਾਇਸ਼

**BLANK PAGE**

Permission to reproduce items where third-party owned material protected by copyright is included has been sought and cleared where possible. Every reasonable effort has been made by the publisher (UCLES) to trace copyright holders, but if any items requiring clearance have unwittingly been included, the publisher will be pleased to make amends at the earliest possible opportunity.

University of Cambridge International Examinations is part of the Cambridge Assessment Group. Cambridge Assessment is the brand name of University of Cambridge Local Examinations Syndicate (UCLES), which is itself a department of the University of Cambridge.